**ਅਤੀ ਜ਼ਰੂਰੀ**

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ, ਸਿੱਖਿਆ ਵਿਭਾਗ(ਸ), ਪੰਜਾਬ,
ਚੰਡੀਗੜ੍ਹ।

ਮੀਮੋ ਨੰ: 37/10/89-4ਸਿ 3/
ਮਿਤੀ: ਚੰਡੀਗੜ੍ਹ

ਵਿਸ਼ਾ: ਰਾਜ ਦੇ ਪ੍ਰਾਈਵੇਟਲੀ ਮੈਨੇਜਡ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਮੈਨੇਜਮੈਂਟ ਵਿੱਚ ਝਗੜਾ ਹੋਣ ਤੇ ਸਕੂਲ ਦਾ ਕਾਰਸਪੋਡੈਂਟ ਲਗਾਉਣ ਬਾਰੇ ਹਦਾਇਤਾਂ।

***

ਇਹ ਵੇਖਣ ਵਿੱਚ ਆਇਆ ਹੈ ਕਿ ਰਾਜ ਦੇ ਪ੍ਰਾਈਵੇਟਲੀ ਮੈਨੇਜਡ ਸਹਾਇਤਾ
ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਆਮ ਤੌਰ ਤੇ ਪਹਿਲਾਂ ਚਲਦੀ ਮੈਨੇਜਮੈਂਟ ਕਮੇਟੀ ਵਿੱਚੋਂ ਜਾਂ ਕੁਝ
ਹੋਰ ਮੈਂਬਰਾਂ ਵੱਲੋਂ ਪਹਿਲੀ ਕਮੇਟੀ ਤੇ ਕੁਝ ਦੋਸ਼ ਲਾ ਕੇ ਨਵੀਂ ਕਮੇਟੀ ਬਣਾ ਕੇ ਸਰਕਾਰ ਨੂੰ ਪ੍ਰਵਾਨਗੀ
ਦੇਣ ਲਈ ਜ਼ੋਰ ਪਾਇਆ ਜਾਂਦਾ ਹੈ ਪਰ ਪਹਿਲੀ ਕਮੇਟੀ ਆਪਣੀ ਹੋਂਦ ਕਾਇਮ ਰੱਖਣਾ ਚਾਹੁੰਦੀ
ਇਸ ਤਰ੍ਹਾਂ ਝਗੜਾ ਹੋਣ ਕਾਰਨ ਇਹ ਮੁਸ਼ਕਿਲ ਹੋ ਜਾਂਦਾ ਹੈ ਕਿ ਸਕੂਲ ਦੀ ਬਣਦੀ ਗ੍ਰਾਂਟ-ਇਨ-ਏ
ਕਿਸ ਕਮੇਟੀ ਦੇ ਨਾਂ ਤੇ ਚਲਦੀ ਰੱਖੀ ਜਾਵੇ। ਸਰਕਾਰ ਨੂੰ, ਸਕੂਲ ਦੇ ਅਮਲੇ ਦੀ ਤਨਖਾਹ ਮਿਲਦੀ
ਰੱਖਣ ਲਈ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਸਕੂਲ ਦਾ ਕਾਰਸਪੋਡੈਂਟ ਲਗਾਉਣਾ ਪੈਂਦਾ
ਅਜਿਹੇ ਮੈਨੇਜਮੈਂਟ ਦੇ ਝਗੜੇ ਲਈ ਕਈ ਕਈ ਸਾਲ ਚਲਦੇ ਰਹਿੰਦੇ ਹਨ। ਸਕੂਲ ਵਿੱਚ ਬੱਚਿਆਂ ਦੀ
ਗਿਣਤੀ ਵਧਦੀ ਜਾਂਦੀ ਹੈ ਪਰ ਸਕੂਲ ਦੀ ਮੈਨੇਜਮੈਂਟ ਕੋਲ ਨਿਯੁਕਤੀ ਦੀਆਂ ਪਾਵਰਾਂ ਨਾ ਹੋਣ ਕਾ
ਪੋਸਟਾਂ ਕਿੰਨੀ ਕਿੰਨੀ ਦੇਰ ਤੱਕ ਖਾਲੀ ਪਈਆਂ ਰਹਿੰਦੀਆਂ ਹਨ, ਜਿਸ ਕਾਰਨ ਬੱਚਿਆਂ ਦੀ ਪ
ਦਾ ਬੇਹੱਦ ਨੁਕਸਾਨ ਹੁੰਦਾ ਹੈ।

2. ਸਾਰੀ ਸਥਿਤੀ ਨੂੰ ਡੂੰਘਾਈ ਨਾਲ ਵਾਚਣ ਉਪਰੰਤ ਸਰਕਾਰ ਨੇ ਇਹ ਫੈਸਲਾ
ਹੈ ਕਿ ਅੱਗੇ ਤੋਂ ਕਿਸੇ ਕਮੇਟੀ ਵਿੱਚ ਝਗੜਾ ਹੋਣ ਦੀ ਸੂਰਤ ਵਿੱਚ ਸਬੰਧਤ ਜ਼ਿਲ੍ਹੇ ਦਾ ਜ਼ਿਲ੍ਹਾ ਸਿੱਖਿ
ਅਫਸਰ, ਸਕੂਲ ਦਾ ਕਾਰਸਪੋਡੈਂਟ ਲਗਾਉਣ ਦੀ ਬਿਜਾਏ ਝਗੜਾ ਖੜ੍ਹਾ ਕਰਨ ਵਾਲੀ ਕਮੇਟੀ ਨੂੰ ਕਿ
ਜਾਵੇ ਕਿ ਉਹ ਇਸ ਬਾਰੇ ਫਾਈਨਲ ਫੈਸਲਾ ਸਬੰਧਤ ਕੋਰਟ ਵਿੱਚੋਂ ਲੈ ਕੇ ਆਉਣ। ਕੋਰਟ ਦਾ ਫੈਸਲ
ਆਉਣ ਤੱਕ ਪੁਰਾਣੀ ਮੈਨੇਜਮੈਂਟ ਕਮੇਟੀ ਹੀ ਕੰਮ ਕਰਦੀ ਰਹੇਗੀ। ਜੇਕਰ ਮੈਨੇਜਮੈਂਟ ਕਮੇਟੀ ਸਕੂਲ ਦੇ
ਨੂੰ ਤਨਖਾਹ ਦੇਣ ਯੋਗ ਨਾ ਹੋਵੇ ਤਾਂ ਉਸ ਸਕੂਲ ਦੇ ਅਮਲੇ ਦੀ ਤਨਖਾਹ ਉਸ ਜ਼ਿਲ੍ਹੇ ਦੇ ਸਬੰਧਤ ਜ਼ਿਲ੍ਹਾ
ਅਫਸਰ ਰਾਹੀਂ ਅਦਾਇਗੀ ਕਰਵਾ ਕੇ ਉਸ ਸਕੂਲ ਦੀ ਗ੍ਰਾਂਟ ਵਿੱਚੋਂ ਐਡਜਸਟ ਕਰ ਦਿੱਤੀ ਜਾਵੇ। ਇ
ਇਲਾਵਾ ਜ਼ਿਲ੍ਹਾ ਸਿੱਖਿਆ ਅਫਸਰ ਦਾ ਸਕੂਲ ਦੀ ਮੈਨੇਜਮੈਂਟ ਕਮੇਟੀ ਨਾਲ ਕੋਈ ਸਬੰਧ ਨਹੀਂ ਹੋਵੇ

3. ਇਸ ਕੇਸ ਵਿੱਚ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਗਈ ਹੈ

ਵਿਸ਼ੇਸ਼ ਸਕੱਤਰ ਸਿੱਖਿਆ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸ:ਸਿ:) ਪੰਜਾਬ, ਚੰਡੀਗੜ੍ਹ।

ਹੁਕਮ ਨੰ: 17/30-2006-ਗ੍ਰਾਂਟ-1(1)

ਮਿਤੀ, ਚੰਡੀਗੜ੍ਹ:- 14-8-2006

ਸਰਕਾਰੀ ਸਹਾਇਤਾ(95%) ਪ੍ਰਾਪਤ ਪ੍ਰਾਈਵੇਟ ਏਡਿਡ ਸਕੂਲਾਂ ਦੀਆਂ ਕਮੇਟੀਆਂ ਵਿੱਚ ਝਗੜੇ ਦੀ ਸੂਰਤ ਵਿੱਚ ਕਿਸੇ ਦੀ ਥਾਂ ਤੇ ਕਾਰਸਪੌਂਡੈਂਟ ਦਾ ਕੰਮ ਸਰਕਾਰੀ ਲਈ ਭੇਜਣ ਤੇ ਗੁਰੇਜ਼ ਕੀਤਾ ਜਾਵੇ। ਮਿਆਦ ਪੁਗਾਣ ਕਾਰਨ/ਚੋਣਾਂ ਦੀ/ਝਗੜੇ ਕਾਰਨ ਜੇਕਰ ਕਿਸੇ ਸਕੂਲ ਦਾ ਕਾਰਸਪੌਂਡੈਂਟ ਨਾ ਹੋਵੇ ਤਾਂ ਅਜਿਹੇ ਹਾਲਾਤਾਂ ਵਿੱਚ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਬਤੌਰ ਕਾਰਸਪੌਂਡੈਂਟ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਅਜਿਹੇ ਸਕੂਲਾਂ ਦੇ ਗ੍ਰਾਂਟ ਦੇ ਕਲੇਮ ਤਿਆਰ ਕਰਨੇ/ਕਰਵਾਉਣੇ ਅਤੇ ਗ੍ਰਾਂਟ ਨੂੰ ਵੰਡਣਾ ਉਸ ਦੀ ਨਿੱਜੀ ਅਤੇ ਨੈਤਿਕ ਜ਼ਿੰਮੇਵਾਰੀ ਹੋਵੇਗੀ ਬਸ਼ਰਤੇ ਕਿ ਵਿਭਾਗ/ਸਰਕਾਰ/ਕੋਰਟ ਨੇ ਗ੍ਰਾਂਟ ਤੇ ਰੋਕ ਨਾ ਲਗਾਈ ਹੋਵੇ। ਗ੍ਰਾਂਟ ਜਾਰੀ ਕਰਨ ਤੇ ਪਹਿਲਾਂ ਇਸ ਤੱਥ ਦਾ ਵੈਰੀਫਿਕੇਸ਼ਨ/ਪੁਸ਼ਟੀ ਕਰਵਾਉਣਾ ਅਤਿ ਜ਼ਰੂਰੀ ਹੋਵੇਗਾ।

ਹਰਦਰਸ਼ਨਜੀਤ ਕੌਰ ਬਰਾੜ
ਡਾਇਰੈਕਟਰ ਸਿੱਖਿਆ ਵਿਭਾਗ(ਸ:ਸਿ:)
ਪੰਜਾਬ।

ਪਿੱਠ-ਅੰਕਣ ਨੰ: 17/30-2006-ਗ੍ਰਾਂਟ-1(1) ਮਿਤੀ, ਚੰਡੀਗੜ੍ਹ:- 18-8-2006

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਮੂਹ ਮੁੱਖ ਮੰਡਲ ਸਿੱਖਿਆ ਅਫਸਰ(ਸ)
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸ:ਸਿ:)
3. ਡਿਪਟੀ ਕੰਟਰੋਲਰ(ਵਿੱਤ ਤੇ ਲੇਖਾ) ਦਫਤਰ ਹਿਜ਼ਾ।
4. ਆਡਿਟ ਸੈੱਲ।
5. ਗ੍ਰਾਂਟ-1 ਸ਼ਾਖਾ ਦੇ ਸੀਨੀਅਰ ਸਹਾਇਕ।
6. ਪੀ.ਏ./ਡਾਇਰੈਕਟਰ ਸਿੱਖਿਆ ਵਿਭਾਗ(ਸ:ਸਿ:) ਪੰਜਾਬ।
7. ਸੁਪਰਡੈਂਟ ਗ੍ਰਾਂਟ-2 ਸ਼ਾਖਾ।
8. ਸਟੈਨੋ/ਡਾਇਰੈਕਟਰ(ਪ੍ਰਾ:ਏ:ਸ:)
9. ਸਮੂਹ ਜ਼ਿਲ੍ਹਾ ਪ੍ਰਾਜੈਕਟ ਅਫਸਰ/ਸਹਾਇਕ ਪ੍ਰਾਜੈਕਟ ਅਫਸਰ।

ਸੁਪਰਡੈਂਟ ਗ੍ਰਾਂਟ-1
ਵਾਸਤੇ: ਡਾਇਰੈਕਟਰ ਸਿੱਖਿਆ ਵਿਭਾਗ(ਸ:ਸਿ:) ਪੰਜਾਬ।

ਪਿੱਠ-ਅੰਕਣ ਨੰ: ਉਕਤ ਮਿਤੀ, ਚੰਡੀਗੜ੍ਹ:- 18-8-2006

ਉਤਾਰਾ ਸ੍ਰ: ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿ-3 ਸ਼ਾਖਾ) ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੁਪਰਡੈਂਟ ਗ੍ਰਾਂਟ-1

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**
**ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਚੌਥੀ ਮੰਜ਼ਿਲ,**
**ਫੇਜ਼-8, ਐਸ.ਏ.ਐਸ. ਨਗਰ**

---

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)/(ਐ.ਸਿ.),
ਪੰਜਾਬ ਰਾਜ ਵਿੱਚ।

ਮੀਮੋ ਨੰ: 10/29-2018ਪੈਨ(4) - 2019243347
ਮਿਤੀ: 20/8/19

**ਵਿਸ਼ਾ:-** **ਰਾਜ ਦੇ ਪ੍ਰਾਈਵੇਟਲੀ ਮੈਨੇਜਡ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਮੈਨੇਜਮੈਂਟ ਵਿੱਚ ਝਗੜਾ ਹੋਣ ਤੇ ਸਕੂਲ ਦਾ ਕਾਰਸਪੋਂਡੈਂਟ ਲਗਾਉਣ ਬਾਰੇ ਹਦਾਇਤਾਂ।**

ਉਪਰੋਕਤ ਵਿਸ਼ੇ ਸਬੰਧੀ ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਆਮ ਤੌਰ ਤੇ ਕਾਰਸਪੋਂਡੈਂਟ ਦਾ ਕੰਮ ਸਕੂਲ ਦੇ ਗ੍ਰਾਂਟ ਦੇ ਕਲੇਮ ਤਿਆਰ ਕਰਨੇ/ ਕਰਵਾਉਣੇ ਅਤੇ ਗ੍ਰਾਂਟ ਨੂੰ ਵੰਡਣਾ ਹੁੰਦਾ ਹੈ। ਪ੍ਰਾਈਵੇਟ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੀ ਮੈਨੇਜਮੈਂਟ ਵੱਲੋਂ ਮਤਾ ਪਾ ਕੇ ਜਿਸ ਅਹੁਦੇਦਾਰ ਦਾ ਨਾਮ ਬਤੌਰ ਕਾਰਸਪੋਂਡੈਂਟ ਸਿਫਾਰਸ਼ ਕੀਤਾ ਜਾਂਦਾ ਹੈ ਅਤੇ ਜੇਕਰ ਮੈਨੇਜਮੈਂਟ ਦਾ ਕੋਈ ਝਗੜਾ ਨਾ ਹੋਵੇ ਤਾਂ ਵਿਭਾਗ ਵੱਲੋਂ ਉਸੇ ਅਹੁਦੇਦਾਰ ਨੂੰ ਹੀ ਬਤੌਰ ਕਾਰਸਪੋਂਡੈਂਟ ਆਮ ਤੌਰ ਤੇ ਇੱਕ ਸਾਲ ਤੋਂ ਲੈ ਕੇ ਤਿੰਨ ਸਾਲਾਂ ਤੱਕ ਦੇ ਸਮੇਂ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ।

**1.0** ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-3 ਸ਼ਾਖਾ) ਵੱਲੋਂ ਪ੍ਰਾਈਵੇਟ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਮੈਨੇਜਮੈਂਟਾਂ ਵਿੱਚ ਝਗੜਾ ਹੋਣ ਤੇ ਸਕੂਲ ਦਾ ਕਾਰਸਪੋਂਡੈਂਟ ਲਗਾਉਣ ਬਾਰੇ ਆਪਣੇ ਪੱਤਰ ਨੰਬਰ 37/10/89-4ਸਿ3/16951 ਮਿਤੀ 28.08.1997 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਹਨਾਂ ਹਦਾਇਤਾਂ ਅਨੁਸਾਰ ਫੈਸਲਾ ਲਿਆ ਗਿਆ ਸੀ ਕਿ ਕਿਸੇ ਕਮੇਟੀ ਵਿੱਚ ਝਗੜਾ ਹੋਣ ਦੀ ਸੂਰਤ ਵਿੱਚ ਸਬੰਧਤ ਜਿਲ੍ਹੇ ਦਾ ਜਿਲ੍ਹਾ ਸਿੱਖਿਆ ਅਫਸਰ, ਸਕੂਲ ਦਾ ਕਾਰਸਪੋਂਡੈਂਟ ਲਗਾਉਣ ਦੀ ਬਜਾਏ ਝਗੜਾ ਖੜ੍ਹਾ ਕਰਨ ਵਾਲੀ ਕਮੇਟੀ ਨੂੰ ਕਿਹਾ ਜਾਵੇ ਕਿ ਉਹ ਇਸ ਬਾਰੇ ਫਾਈਨਲ ਫੈਸਲਾ ਸਬੰਧਤ ਕੋਰਟ ਵਿੱਚੋਂ ਲੈ ਕੇ ਆਉਣ। ਕੋਰਟ ਦਾ ਫੈਸਲਾ ਆਉਣ ਤੱਕ ਪੁਰਾਣੀ ਮੈਨੇਜਮੈਂਟ ਕਮੇਟੀ ਹੀ ਕੰਮ ਕਰਦੀ ਰਹੇਗੀ। ਇਸ ਪੱਤਰ ਅਨੁਸਾਰ ਮੁਕੰਮਲ ਫੈਸਲਾ ਹੇਠ ਲਿਖੇ ਅਨੁਸਾਰ ਹੈ:-

> *"ਕਿ ਅੱਗੇ ਤੋਂ ਕਿਸੇ ਕਮੇਟੀ ਵਿੱਚ ਝਗੜਾ ਹੋਣ ਦੀ ਸੂਰਤ ਵਿੱਚ ਸਬੰਧਤ ਜਿਲ੍ਹੇ ਦਾ ਜਿਲ੍ਹਾ ਸਿੱਖਿਆ ਅਫਸਰ, ਸਕੂਲ ਦਾ ਕਾਰਸਪੋਂਡੈਂਟ ਲਗਾਉਣ ਦੀ ਬਜਾਏ ਝਗੜਾ ਖੜ੍ਹਾ ਕਰਨ ਵਾਲੀ ਕਮੇਟੀ ਨੂੰ ਕਿਹਾ ਜਾਵੇ ਕਿ ਉਹ ਇਸ ਬਾਰੇ ਫਾਈਨਲ ਫੈਸਲਾ ਸਬੰਧਤ ਕੋਰਟ ਵਿੱਚੋਂ ਲੈ ਕੇ ਆਉਣ।*

ਕੋਰਟ ਦਾ ਫੈਸਲਾ ਆਉਣ ਤੱਕ ਪੁਰਾਣੀ ਮੈਨੇਜਮੈਂਟ ਕਮੇਟੀ ਹੀ ਕੰਮ ਕਰਦੀ ਰਹੇਗੀ। ਜੇਕਰ ਮੈਨੇਜਮੈਂਟ ਕਮੇਟੀ ਸਕੂਲ ਦੇ ਅਮਲੇ ਨੂੰ ਤਨਖਾਹ ਦੇਣਯੋਗ ਨਾ ਹੋਵੇ ਤਾਂ ਉਸ ਸਕੂਲ ਦੇ ਅਮਲੇ ਦੀ ਤਨਖਾਹ ਉਸ ਜ਼ਿਲ੍ਹੇ ਦੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਰਾਹੀਂ ਅਦਾਇਗੀ ਕਰਵਾ ਕੇ ਉਸ ਸਕੂਲ ਦੀ ਗ੍ਰਾਂਟ ਵਿੱਚੋਂ ਅਡਜਸਟ ਕਰ ਦਿੱਤੀ ਜਾਵੇ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫਸਰ ਦਾ ਸਕੂਲ ਦੀ ਮੈਨੇਜਮੈਂਟ ਕਮੇਟੀ ਨਾਲ ਕੋਈ ਸਬੰਧ ਨਹੀਂ ਹੋਵੇਗਾ। ਇਹ ਹਦਾਇਤਾਂ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀਆਂ ਗਈਆਂ ਹਨ।"

2.0 ਸਰਕਾਰ ਦੀਆਂ ਉਪਰੋਕਤ ਹਦਾਇਤਾਂ ਤੋਂ ਬਾਅਦ ਇਸੇ ਵਿਸ਼ੇ ਤੇ ਡਾਇਰੈਕਟੋਰੇਟ ਪੱਧਰ ਤੇ ਹੁਕਮ ਨੰਬਰ 17/30-2006ਗ੍ਰਾਂਟ-1(1) ਮਿਤੀ 14.08.2006 ਅਨੁਸਾਰ ਫੈਸਲਾ ਲਿਆ ਗਿਆ ਸੀ ਕਿ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਏਡਿਡ ਸਕੂਲਾਂ ਦੀਆਂ ਕਮੇਟੀਆਂ ਵਿੱਚ ਝਗੜੇ ਦੀ ਸੂਰਤ ਵਿੱਚ ਅਤੇ ਕਿਸੇ ਸਕੂਲ ਦਾ ਕਾਰਸਪੌਂਡੈਂਟ ਨਾ ਹੋਵੇ ਤਾਂ ਅਜਿਹੇ ਹਾਲਾਤਾਂ ਵਿੱਚ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਬਤੌਰ ਕਾਰਸਪੌਂਡੈਂਟ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਇਸ ਪੱਤਰ ਅਨੁਸਾਰ ਮੁਕੰਮਲ ਫੈਸਲਾ ਹੇਠ ਲਿਖੇ ਅਨੁਸਾਰ ਹੈ:-

"ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਏਡਿਡ ਸਕੂਲਾਂ ਦੀਆਂ ਕਮੇਟੀਆਂ ਵਿੱਚ ਝਗੜੇ ਦੀ ਸੂਰਤ ਵਿੱਚ ਕਿਸੇ ਵੀ ਧੜੇ ਦੇ ਕਾਰਸਪੌਂਡੈਂਟ ਦਾ ਕੇਸ ਮੰਨਜ਼ੂਰੀ ਲਈ ਭੇਜਣ ਤੋਂ ਗੁਰੇਜ਼ ਕੀਤਾ ਜਾਵੇ। ਮਿਆਦ ਪੁੱਗਣ ਕਾਰਣ/ ਧੜੇਬੰਦੀ/ ਝਗੜੇ ਕਾਰਣ ਜੇਕਰ ਕਿਸੇ ਸਕੂਲ ਦਾ ਕਾਰਸਪੌਂਡੈਂਟ ਨਾ ਹੋਵੇ ਤਾਂ ਅਜਿਹੇ ਹਾਲਾਤਾਂ ਵਿੱਚ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਬਤੌਰ ਕਾਰਸਪੌਂਡੈਂਟ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਅਜਿਹੇ ਸਕੂਲਾਂ ਦੇ ਗ੍ਰਾਂਟ ਦੇ ਕਲੇਮ ਤਿਆਰ ਕਰਨੇ/ ਕਰਵਾਉਣੇ ਅਤੇ ਗ੍ਰਾਂਟ ਨੂੰ ਵੰਡਣਾ ਉਸਦੀ ਨਿੱਜੀ ਅਤੇ ਨੈਤਿਕ ਜ਼ਿੰਮੇਵਾਰੀ ਹੋਵੇਗੀ ਬਸ਼ਰਤੇ ਕਿ ਵਿਭਾਗ/ ਸਰਕਾਰ/ ਕੋਰਟ ਨੇ ਗ੍ਰਾਂਟ ਤੇ ਰੋਕ ਨਾ ਲਗਾਈ ਹੋਵੇ। ਗ੍ਰਾਂਟ ਜਾਰੀ ਕਰਨ ਤੋਂ ਪਹਿਲਾਂ ਇਸ ਤੱਥ ਦੀ ਵੈਰੀਫਿਕੇਸ਼ਨ/ ਪੁਸ਼ਟੀ ਕਰਵਾਉਣੀ ਅਤਿ ਜ਼ਰੂਰੀ ਹੋਵੇਗੀ।"

ਇਸ ਸਮੇਂ ਵਿਭਾਗ ਵਿੱਚ ਦੋ ਮੈਨੇਜਮੈਂਟਾਂ ਦੇ ਆਪਸੀ ਝਗੜੇ ਦੀ ਸੂਰਤ ਵਿੱਚ ਉਪਰੋਕਤ ਪੈਰ੍ਹਾ 2.0 ਵਿੱਚ ਦਰਜ ਹਦਾਇਤਾਂ ਅਨੁਸਾਰ ਆਮ ਤੌਰ ਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਕਾਰਸਪੌਂਡੈਂਟ ਨਿਯੁਕਤ ਕਰ ਦਿੱਤਾ ਜਾਂਦਾ ਹੈ। ਜਦੋਂ ਕਿ ਉਕਤ ਪੈਰ੍ਹਾ 1.0 ਵਿੱਚ ਦਰਜ ਹਦਾਇਤਾਂ ਜੋ ਕਿ ਸਰਕਾਰ ਪੱਧਰ ਤੇ ਜਾਰੀ ਹੋਈਆਂ ਹਨ, ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਕਿਸੇ ਕਮੇਟੀ ਵਿੱਚ ਝਗੜਾ ਹੋਣ ਦੀ ਸੂਰਤ ਵਿੱਚ ਸਬੰਧਤ ਜ਼ਿਲ੍ਹੇ ਦਾ

ਸਿੱਖਿਆ ਅਫਸਰ, ਸਕੂਲ ਦਾ ਕਾਰਸਪੋਂਡੈਂਟ ਲਗਾਉਣ ਦੀ ਬਜਾਏ ਝਗੜਾ ਖੜ੍ਹਾ ਕਰਨ ਵਾਲੀ ਕਮੇਟੀ ਨੂੰ ਕਿਹਾ ਜਾਵੇ ਕਿ ਉਹ ਇਸ ਬਾਰੇ ਫਾਈਨਲ ਫੈਸਲਾ ਸਬੰਧਤ ਕੋਰਟ ਵਿੱਚੋਂ ਲੈ ਕੇ ਆਉਣ। ਕੋਰਟ ਦਾ ਫੈਸਲਾ ਆਉਣ ਤੱਕ ਪੁਰਾਣੀ ਮੈਨੇਜਮੈਂਟ ਕਮੇਟੀ ਹੀ ਕੰਮ ਕਰਦੀ ਰਹੇਗੀ।

3.0 ਇਸ ਲਈ ਇਸ ਸਬੰਧ ਵਿੱਚ ਮਾਮਲੇ ਨੂੰ ਮੁੜ ਵਿਚਾਰਨ ਉਪਰੰਤ ਵਿਭਾਗ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਭਵਿੱਖ ਵਿੱਚ ਇਸ ਵਿਸ਼ੇ ਤੇ ਸਰਕਾਰ ਵੱਲੋਂ ਪੱਤਰ ਨੰਬਰ 37/10/89-4ਸਿ3/16951 ਮਿਤੀ 28.08.1997 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਇਆ ਕਰੇਗੀ।

4.0 ਇਸ ਤੋਂ ਇਲਾਵਾ ਇਸੇ ਵਿਸ਼ੇ ਤੇ ਡਾਇਰੈਕਟੋਰੇਟ ਵੱਲੋਂ ਜਾਰੀ ਹੁਕਮ ਨੰ: 17/30-2006ਗ੍ਰਾਂਟ-1(1) ਮਿਤੀ 14.08.2006 ਰਾਹੀਂ ਜਾਰੀ ਹਦਾਇਤਾਂ ਤਤਕਾਲ ਸਮੇਂ ਤੋਂ ਇਸ ਸ਼ਰਤ ਤੇ ਵਾਪਸ ਲਈਆਂ ਜਾਂਦੀਆਂ ਹਨ ਕਿ ਇਹ ਪੱਤਰ ਵਾਪਸ ਲੈਣ ਨਾਲ ਇਸ ਪੱਤਰ ਦੇ ਆਧਾਰ ਤੇ ਦਫਤਰ ਵੱਲੋਂ ਹੁਣ ਤੱਕ ਕੀਤੀ ਗਈ ਕਾਰਵਾਈ ਤੇ ਮੁੜ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ competeing ਮੈਨੇਜਮੈਂਟਾਂ ਦਰਮਿਆਨ ਝਗੜਿਆਂ ਸਬੰਧੀ ਅਜਿਹੇ ਲੰਬਿਤ ਅਦਾਲਤੀ ਕੇਸਾਂ ਦੇ ਅੰਤਿਮ/ ਅੰਤਰਿਮ ਫੈਸਲੇ ਮੁਤਾਬਿਕ ਭਵਿੱਖ ਵਿੱਚ ਕਾਰਵਾਈ ਕਰਨ ਬਾਰੇ ਵਿਚਾਰ ਕਰ ਲਿਆ ਜਾਵੇਗਾ।

ਉਪਰੋਕਤ ਹਦਾਇਤਾਂ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ।

ਪਿੱਠ ਅੰਕਣ ਨੰ: ਉਕਤ

ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਸਕੱਤਰ ਸਕੂਲ ਸਿੱਖਿਆ, ਪੰਜਾਬ (ਸਿੱਖਿਆ-3 ਸ਼ਾਖਾ) ਨੂੰ ਉਹਨਾਂ ਦੇ ਪੱਤਰ ਨੰ: 37/10/89-4ਸਿ3/16951 ਮਿਤੀ 28.08.1997 ਦੇ ਹਵਾਲੇ ਵਿੱਚ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।
5. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ।